Punjab Government Gazette

Published by Authority

No. 10] CHANDIGARH, FRIDAY, MARCH 6, 2026 (PHALGUNA 15, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ

(ਪਸ਼ੂ ਪਾਲਣ-1 ਸ਼ਾਖਾ)

ਨੋਟੀਫਿਕੇਸ਼ਨ

ਮਿਤੀ 9 ਸਤੰਬਰ, 2024

ਨੰ:09/29/2023-ਪ.ਪ.1(5)/11424.- ਡਾ.ਗੁਰਪ੍ਰੀਤ ਸਿੰਘ, ਵੈਟਰਨਰੀ ਅਫਸਰ, ਸਿਵਲ ਪਸ਼ੂ ਹਸਪਤਾਲ, ਖਨਿਆਣ, ਜਿਲ੍ਹਾ ਫਤਿਹਗੜ੍ਹ ਸਾਹਿਬ (ਹੁਣ ਗੈਰ-ਹਾਜਰ) ਨੂੰ ਸਮਰੱਥ ਅਧਿਕਾਰੀ ਤੋਂ ਛੁੱਟੀ ਮੰਨਜੂਰ ਕਰਵਾਏ ਬਿਨ੍ਹਾ ਮਿਤੀ 16.08.2023 ਤੋਂ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਦੇ ਦੋਸ਼ਾ ਕਾਰਣ ਯਾਦ ਪੱਤਰ ਨੰ: 09/29/2023-ਪ.ਪ.1(5)/6923, ਮਿਤੀ 22.09.2023 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾਂ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਚਾਰਜਸੀਟ ਜਾਰੀ ਕਰਕੇ ਉਤਰ 21 ਦਿਨ੍ਹਾਂ ਦੇ ਅੰਦਰ-ਅੰਦਰ ਸਮਰੱਥ ਅਧਿਕਾਰੀ ਨੂੰ ਭੇਜਣ ਲਈ ਲਿਖਿਆ ਗਿਆ ਸੀ। ਡਾਇਰੈਕਟਰ, ਪਸ਼ੂ ਪਾਲਣ ਵਲੋਂ ਪੱਤਰ ਨੰ: 2023/ਅ-2/3323, ਮਿਤੀ 12.10.2023 ਰਾਹੀਂ ਪ੍ਰਾਪਤ ਹੋਏ ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਫਤਿਹਗੜ੍ਹ ਸਾਹਿਬ ਦੇ ਪੱਤਰ ਨੰ: 1256, ਮਿਤੀ 10.10.2023 ਅਨੁਸਾਰ ਅਧਿਕਾਰੀ ਦੇ ਘਰ ਨੂੰ ਤਾਲਾ ਲੱਗਾ ਹੋਣ ਕਰਕੇ ਆਂਡ ਗੁਆਂਢ ਤੋਂ ਪਤਾ ਕਰਨ ਤੇ ਪਤਾ ਲੱਗਾ ਕਿ ਉਸ ਦੇ ਘਰ ਦੇ ਮੈਂਬਰ ਪਿਛਲੇ ਕਈ ਦਿਨ ਤੋਂ ਦਿਖਾਈ ਨਹੀਂ ਦਿੱਤੇ। ਇਸ ਲਈ ਦੋਸ਼ ਪੱਤਰ ਦੀ ਕਾਪੀ ਅਧਿਕਾਰੀ ਦੇ ਵੱਟਸੈਪ ਨੰ: 94171-52480 ਉਪਰ ਮਿਤੀ 06.10.2023 ਨੂੰ ਭੇਜ ਦਿੱਤੀ ਸੀ ਅਤੇ ਉਸੇ ਦਿਨ ਅਧਿਕਾਰੀ ਵਲੋਂ ਵੱਟਸੈਪ ਮੈਸਿਜ ਸੀਨ ਵੀ ਕਰ ਲਿਆ ਸੀ।

2. ਉਪਰੰਤ ਮੀਮੋ ਨੰ: 09/29/2023-ਪ.ਪ.1(5)/7571, ਮਿਤੀ 20.10.2023 ਰਾਹੀਂ ਡਾਇਰੈਕਟਰ, ਪਸ਼ੂ ਪਾਲਣ ਨੂੰ ਅਧਿਕਾਰੀ ਨੂੰ ਜਾਰੀ ਹੋਈ ਚਾਰਜਸ਼ੀਟ ਦੀ ਕਾਪੀ ਅਧਿਕਾਰੀ ਦੇ ਘਰ ਦੇ ਮੇਨ ਗੇਟ/ਕੰਧ ਤੇ ਚਿਪਕਾਉਣ ਉਪਰੰਤ ਅਧਿਕਾਰੀ ਦੇ ਘਰ ਦੇ ਆਸਪਾਸ ਦੇ ਦੋ ਗੁਆਢੀਆਂ ਤੋਂ ਹਸ਼ਤਾਖਰ ਲੈ ਕੇ ਰਿਪੋਰਟ ਭੇਜਣ ਲਈ ਲਿਖਿਆ ਗਿਆ ਸੀ। ਡਾਇਰੈਕਟਰ, ਪਸ਼ੂ ਪਾਲਣ ਵਲੋਂ ਪੱਤਰ ਨੰ: 2023-ਅ-2/4425, ਮਿਤੀ 07.12.2023 ਰਾਹੀਂ ਪ੍ਰਾਪਤ ਹੋਏ ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਫਤਿਹਗੜ੍ਹ ਸਹਿਬ ਦੇ ਪੱਤਰ ਨੰ: 1490, ਮਿਤੀ 30.11.2023 ਅਨੁਸਾਰ ਅਧਿਕਾਰੀ ਦੇ ਘਰ ਜਿੰਦਾ ਲੱਗਾ ਹੋਣ ਕਰਕੇ ਸ਼੍ਰੀ ਰਣਜੀਤ ਸਿੰਘ, ਦਰਜਾਚਾਰ, ਸਿਵਲ ਪਸ਼ੂ ਹਸਪਤਾਲ, ਅਮਲੋਹ, ਫਤਿਹਗੜ੍ਹ ਸਾਹਿਬ ਵਲੋਂ ਅਧਿਕਾਰੀ ਨੂੰ ਜਾਰੀ ਹੋਈ ਚਾਰਜਸ਼ੀਟ ਦੀ ਕਾਪੀ ਅਧਿਕਾਰੀ ਦੇ ਘਰ ਦੇ ਮੇਨ ਗੇਟ ਤੇ ਪੇਸਟ ਕਰ ਦਿੱਤੀ ਸੀ। ਪੰਤੂ ਅਧਿਕਾਰੀ ਵਲੋਂ ਚਾਰਜਸ਼ੀਟ ਦਾ ਕੋਈ ਜਵਾਬ ਨਹੀਂ ਦਿੱਤਾ ਸੀ।

3. ਸਰਕਾਰ ਦੇ ਪਿ.ਅੰ.ਨੰ: 09/29/2023-ਪ.ਪ.1(5)/247-51, ਮਿਤੀ 08.01.2024 ਰਾਹੀਂ ਸ਼੍ਰੀ ਗੁਰਦੀਪ ਸਿੰਘ, ਪੀ.ਸੀ.ਐਸ (ਰਿਟਾਇਰਡ) ਨੂੰ "ਪੜਤਾਲੀਆ ਅਫਸਰ" ਨਿਯੁਕਤ ਕੀਤਾ ਗਿਆ ਸੀ। ਪੜਤਾਲੀਆ ਅਫਸਰ ਵਲੋਂ ਪੇਸ਼ ਕੀਤੀ ਪੜਤਾਲ ਰਿਪੋਰਟ ਮਿਤੀ 14.02.2024 ਅਨੁਸਾਰ ਪੜਤਾਲੀਆ ਕਾਰਵਾਈ ਮਿਤੀ 24.01.2024 ਨੂੰ ਨਿਸਚਿਤ ਕੀਤੀ ਸੀ, ਸਬੰਧੀ ਰਜਿਸਟਰਡ ਨੋਟਿਸ ਦੇ ਬਾਵਜੂਦ ਵੀ ਡਾ.ਗੁਰਪ੍ਰੀਤ ਸਿੰਘ, ਵੈਟਰਨਰੀ ਅਫਸਰ (ਹੁਣ ਗੈਰ-ਹਾਜਰ) ਪੜਤਾਲੀਆ ਕਾਰਵਾਈ ਵਿੱਚ ਹਾਜਰ ਨਹੀਂ ਹੋਇਆ ਸੀ ਅਤੇ ਰਜਿਸਟਰਡ ਨੋਟਿਸ ਪੋਸਟਲ ਅਥਾਰਟੀ ਦੇ ਕਥਨਾਂ "Left" ਨਾਲ ਵਾਪਿਸ ਪ੍ਰਾਪਤ ਹੋ ਗਿਆ ਸੀ। ਇਹ ਨੋਟਿਸ ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਫਤਿਹਗੜ੍ਹ ਸਾਹਿਬ ਰਾਹੀਂ ਦੋਸ਼ੀ ਅਧਿਕਾਰੀ ਦੇ ਘਰ ਦੇ ਗੇਟ ਤੇ ਚਸਪਾ ਕਰਵਾ ਦਿੱਤਾ ਸੀ, ਪੰਤੂ ਦੋਸ਼ੀ ਅਧਿਕਾਰੀ ਹਾਜ਼ਰ ਨਹੀਂ ਹੋਇਆ। ਇਸ ਲਈ ਪੜਤਾਲੀਆ ਕਾਰਵਾਈ ਮਿਤੀ 14.02.2024 ਨੂੰ ਨਿਸਚਿਤ ਕੀਤੀ ਸੀ, ਜਿਸ ਸਬੰਧੀ ਡਾ.ਗੁਰਪ੍ਰੀਤ ਸਿੰਘ, ਵੈਟਰਨਰੀ ਅਫਸਰ ਨੂੰ ਪੜਤਾਲੀਆ ਕਾਰਵਾਈ ਵਿੱਚ ਹਾਜ਼ਰ ਕਰਵਾਉਣ ਲਈ "ਟ੍ਰਿਬਿਊਨ ਅਤੇ ਜੱਗਬਾਣੀ ਅਖਬਾਰ" ਰਾਹੀਂ ਮਿਤੀ 02.02.2024 ਨੂੰ ਪਬਲਿਕ ਨੋਟਿਸ ਦਿੱਤਾ ਗਿਆ ਅਤੇ ਰਜਿਸਟਰਡ ਡਾਕ ਰਾਹੀਂ ਭੇਜਿਆ ਗਿਆ ਨੋਟਿਸ ਵੀ ਪੋਸਟਲ ਅਥਾਰਟੀ ਦੇ ਕਥਨਾਂ "Addressee left India" ਨਾਲ ਅਣਡਲਿਵਰਡ ਵਾਪਿਸ ਪ੍ਰਾਪਤ ਹੋ ਗਿਆ ਸੀ। ਇਸ ਤਰਾਂ ਅਧਿਕਾਰੀ ਮਿਤੀ 14.02.2024 ਨੂੰ ਵੀ ਪੜਤਾਲੀਆ ਕਾਰਵਾਈ ਵਿੱਚ ਸ਼ਾਮਲ ਨਹੀਂ ਹੋਇਆ ਸੀ। ਇਸ ਲਈ ਪੜਤਾਲੀਆ ਅਫਸਰ ਵਲੋਂ ਡਾ.ਗੁਰਪ੍ਰੀਤ ਸਿੰਘ, ਵੈਟਰਨਰੀ ਅਫਸਰ, ਸਿਵਲ ਪਸ਼ੂ ਹਸਪਤਾਲ, ਖਨਿਆਣ, ਫਤਿਹਗੜ੍ਹ ਸਾਹਿਬ ਵਿਰੁੱਧ ਦੋਸ਼ ਸੂਚੀ ਵਿੱਚ ਦਰਜ਼ ਦੋਸ਼ ਪੂਰਨ ਤੌਰ ਤੇ ਸਿੱਧ ਹੋਏ ਕਰਾਰ ਦਿੱਤੇ ਗਏ ਹਨ।

4. ਇਸ ਉਪਰੰਤ ਵਿਭਾਗ ਵੱਲੋਂ ਰਜਿਸਟਰਡ ਪੱਤਰ ਨੰ:09/29/2023-ਪ.ਪ.1(5) /2206, ਮਿਤੀ 22.02.2024 ਰਾਹੀਂ ਗੈਰ-ਹਾਜਰ ਅਧਿਕਾਰੀ ਨੂੰ ਪੜਤਾਲ ਰਿਪੋਰਟ ਮਿਤੀ 14.02.2024 ਦੀ ਕਾਪੀ ਭੇਜਦੇ ਹੋਏ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਪੱਖ ਪੇਸ਼ ਕਰਨ ਲਈ ਲਿਖਿਆ ਗਿਆ ਸੀ। ਡਾਇਰੈਕਟਰ, ਪਸ਼ੂ ਪਾਲਣ ਵਲੋਂ ਪੱਤਰ ਨੰ: 2023-ਅ-2/699, ਮਿਤੀ 04.03.2024 ਰਾਹੀਂ ਪ੍ਰਾਪਤ ਹੋਏ ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਫਤਿਹਗੜ੍ਹ ਸਾਹਿਬ ਦੇ ਪੱਤਰ ਨੰ: 2176, ਮਿਤੀ 29.02.2024 ਅਨੁਸਾਰ ਸ਼੍ਰੀ ਰਣਜੀਤ ਸਿੰਘ, ਦਰਜਾਚਾਰ ਸਿਵਲ ਪਸ਼ੂ ਹਸਪਤਾਲ, ਅਮਲੋਹ ਮਿਤੀ 27.02.2024 ਨੂੰ ਡਾ.ਗੁਰਪ੍ਰੀਤ ਸਿੰਘ, ਵੈਟਰਨਰੀ ਅਫਸਰ (ਹੁਣ ਗੈਰ-ਹਾਜਰ) ਦੇ ਘਰ ਪੜਤਾਲ ਰਿਪੋਰਟ ਦੀ ਕਾਪੀ ਡਲੀਵਰ ਕਰਵਾਉਣ ਗਿਆ ਸੀ, ਪ੍ਰੰਤੂ ਗੈਰ-ਹਾਜਰ ਅਧਿਕਾਰੀ ਦੇ ਘਰ ਦੇ ਮੇਨਗੇਟ ਨੂੰ ਤਾਲਾ ਲੱਗਿਆ ਹੋਣ ਕਾਰਨ ਸ਼੍ਰੀ ਰਣਜੀਤ ਸਿੰਘ, ਦਰਜਾਚਾਰ ਵਲੋਂ ਪੜਤਾਲ ਰਿਪੋਰਟ ਦੀ ਕਾਪੀ ਅਧਿਕਾਰੀ ਦੇ ਘਰ ਦੇ ਮੇਨਗੇਟ ਤੇ ਪੇਸਟ ਕਰਕੇ ਫੋਟੋਆ ਲੈ ਲਈਆਂ ਸਨ। ਪ੍ਰੰਤੂ ਗੈਰ-ਹਾਜਰ ਅਧਿਕਾਰੀ ਵਲੋਂ ਪੜਤਾਲ ਰਿਪੋਰਟ ਮਿਤੀ 14.02.2024 ਦੇ ਸਬੰਧ ਵਿੱਚ ਕੋਈ ਜਵਾਬ ਪ੍ਰਾਪਤ ਨਾ ਹੋਣ ਕਰਕੇ ਡਾਇਰੈਕਟਰ, ਪਸ਼ੂ ਪਾਲਣ ਵੱਲੋਂ ਪੱਤਰ ਨੰ: 2023-ਅ-2/833, ਮਿਤੀ 14.03.2024 ਰਾਹੀਂ ਡਾ.ਗੁਰਪ੍ਰੀਤ ਸਿੰਘ, ਵੈਟਰਨਰੀ ਅਫਸਰ, ਸਿਵਲ ਪਸ਼ੂ ਹਸਪਤਾਲ, ਖਨਿਆਣ, ਫਤਿਹਗੜ੍ਹ ਸਾਹਿਬ (ਹੁਣ ਗੈਰ-ਹਾਜਰ) ਵਿਰੁੱਧ ਅਗਲੇਰੀ ਕਾਰਵਾਈ ਕਰਨ ਲਈ ਲਿਖਿਆ ਸੀ।

5. ਇਸ ਤਰਾਂ ਅਧਿਕਾਰੀ ਵਲੋਂ ਸਰਕਾਰ ਦੇ ਕਿਸੇ ਵੀ ਪੱਤਰ ਦਾ ਉੱਤਰ ਨਹੀਂ ਦਿੱਤਾ ਗਿਆ ਸੀ, ਜਿਸ ਤੋਂ ਸਪੱਸਟ ਹੈ ਕਿ ਉਹ ਸਰਕਾਰ ਦੇ ਕਿਸੇ ਪੱਤਰ ਦਾ ਉੱਤਰ ਨਹੀਂ ਦੇਣਾ ਚਾਹੁੰਦਾ ਅਤੇ ਨਾ ਹੀ ਅੱਗੇ ਸਰਕਾਰੀ ਸੇਵਾ ਕਰਨਾ ਚਾਹੁੰਦਾ ਹੈ। ਇਸ ਲਈ ਸਮਰੱਥ ਅਥਾਰਿਟੀ ਵਲੋਂ ਡਾ.ਗੁਰਪ੍ਰੀਤ ਸਿੰਘ, ਵੈਟਰਨਰੀ ਅਫਸਰ, ਸਿਵਲ ਪਸ਼ੂ ਹਸਪਤਾਲ, ਖਨਿਆਣ ਫਤਿਹਗੜ੍ਹ ਸਾਹਿਬ (ਹੁਣ ਗੈਰ-ਹਾਜਰ) ਨੂੰ ਉਸ ਦੀ ਗੈਰ-ਹਾਜਰੀ ਦੀ ਮਿਤੀ 16.08.2023 ਤੋਂ ਸਰਕਾਰੀ ਸੇਵਾ ਤੋਂ ਡਿਸਮਿਸ ਕਰਨ ਸਬੰਧੀ ਸਿਧਾਂਤਕ ਤੌਰ ਤੇ ਫੈਸਲਾ ਲਿਆ ਗਿਆ ਸੀ। ਇਸ ਅਧਿਕਾਰੀ ਨੂੰ ਸਰਕਾਰੀ ਸੇਵਾ ਤੋਂ ਡਿਸਮਿਸ ਕਰਨ ਸਬੰਧੀ ਲਏ ਗਏ ਸਿਧਾਂਤਕ ਫੈਸਲੇ ਦੀ ਸਹਿਮਤੀ ਪ੍ਰਾਪਤ ਕਰਨ ਬਾਰੇ ਮੀਮੋ ਨੰ: 09/29/2023-ਪ.ਪ.1(5)/7417, ਮਿਤੀ: 24.06.2024 ਰਾਹੀਂ ਮਾਮਲਾ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨਾਲ ਟੇਕ ਅੱਪ ਕੀਤਾ ਗਿਆ ਸੀ। ਸਕੱਤਰ,ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵਲੋਂ ਪੱਤਰ ਨੰ: ਡਿਸ/172/2024/ਅ-7/1849, ਮਿਤੀ 13.08.2024 ਰਾਹੀਂ ਸੂਚਿਤ ਕੀਤਾ ਹੈ ਕਿ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵਲੋਂ ਡਾ.ਗੁਰਪ੍ਰੀਤ ਸਿੰਘ, ਵੈਟਰਨਰੀ ਅਫਸਰ,ਸਿਵਲ ਪਸ਼ੂ ਹਸਪਤਾਲ ਖਨਿਆਣ, ਫਤਿਹਗੜ੍ਹ ਸਾਹਿਬ (ਹੁਣ ਗੈਰ-ਹਾਜ਼ਰ) ਨੂੰ ਸਰਕਾਰੀ ਸੇਵਾ ਤੋਂ ਡਿਸਮਿਸ ਕਰਨ ਸਬੰਧੀ ਸਹਿਮਤੀ ਦਿੱਤੀ ਗਈ ਹੈ।

6. ਇਸ ਪ੍ਰਕਾਰ ਕੇਸ ਦੇ ਸਮੁੱਚੇ ਹਾਲਾਤਾਂ ਨੂੰ ਵਿਚਾਰਦੇ ਹੋਏ ਅਤੇ ਪੜਤਾਲੀਆਂ ਅਫਸਰ ਦੀ ਪੜਤਾਲ ਰਿਪੋਰਟ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਦੀ ਸਲਾਹ ਅਨੁਸਾਰ ਪੰਜਾਬ ਦੇ ਰਾਜਪਾਲ ਜੀ ਵੱਲੋਂ ਪ੍ਰਸੰਨਤਾ ਪੂਰਵਕ ਡਾ.ਗੁਰਪ੍ਰੀਤ ਸਿੰਘ, ਵੈਟਰਨਰੀ ਅਫਸਰ, ਪੁੱਤਰ ਸ਼੍ਰੀ ਪ੍ਰੇਮ ਸਿੰਘ, ਵਾਸੀ ਮਕਾਨ ਨੰ: 78, ਕੈਂਥ ਨਿਵਾਸ, ਸੰਨ

ਸਿਟੀ ਕਲੋਨੀ, ਅਮਲੋਹ ਰੋਡ, ਲੁਧਿਆਣਾ (ਹੁਣ ਗੈਰ-ਹਾਜ਼ਰ) ਨੂੰ ਸਮਰੱਥ ਅਧਿਕਾਰੀ ਤੋਂ ਛੁੱਟੀ ਮੰਨਜੂਰ ਕਰਵਾਏ ਬਿਨ੍ਹਾ ਮਿਤੀ 16.08.2023 ਤੋਂ ਆਪਣੀ ਡਿਊਟੀ ਤੋਂ ਗੈਰ-ਹਾਜਰ ਰਹਿਣ ਦੇ ਦੋਸ਼ਾ ਕਾਰਣ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਯਾਦ ਪੱਤਰ ਨੰ: 09/29/2023-ਪ.ਪ.1(5)/6923, ਮਿਤੀ 22.09.2023 ਰਾਹੀਂ ਜਾਰੀ ਹੋਈ ਚਾਰਜਸੀਟ ਦਾ ਫੈਸਲਾ ਕਰਦੇ ਹੋਏ ਉਸਦੀ ਗੈਰ-ਹਾਜਰੀ ਦੀ ਮਿਤੀ 16.08.2023 ਤੋਂ ਸਰਕਾਰੀ ਸੇਵਾ ਤੋਂ ਡਿਸਮਿਸਲ ਦੀ ਸਜਾ ਦਿੱਤੀ ਜਾਂਦੀ ਹੈ।

ਆਲੋਕ ਸ਼ੇਖਰ

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ

ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ

ਚੰਡੀਗੜ੍ਹ

ਮਿਤੀ 6 ਸਤੰਬਰ, 2024

3652/3-2026/Pb. Govt. Press, S.A.S. Nagar